ਕੰਪਿਊਟਰ ਸੈ. ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ 1545/CC ਮਿਤੀ 29/7/15

OFFICE OF CE CANAL
No. 1190
DATED 29-7-15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

ਨੰ: 18/5/2014-1ਸਿੰ.ਪ੍ਰੋ.2/ ਮਿਤੀ,ਚੰਡੀਗੜ੍ਹ:

## ਅਧਿਸੂਚਨਾਂ

ਸ੍ਰੀ ਪ੍ਰੇਮ ਸਿੰਘ ਬੇਦੀ, ਉਪ ਮੰਡਲ ਅਫਸਰ ਨੇ 58 ਸਾਲ ਦੀ ਉਮਰ ਪੂਰੀ ਹੋਣ ਤੇ ਮਿਤੀ 31.1.2014 ਨੂੰ ਸੇਵਾ ਨਵਿਰਤ ਹੋਣਾ ਸੀ। ਇਸ ਅਧਿਕਾਰੀ ਨੂੰ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸਾਖਾ) ਦੇ ਪੱਤਰ ਨੰ: 22/2/2012-3ਐਫ.ਪੀ.2/475, ਮਿਤੀ 8.10.2012 ਅਤੇ ਪੱਤਰ ਮਿਤੀ 20.9.2013 ਦੇ ਸਨਮੁੱਖ ਪਹਿਲੇ ਅਤੇ ਦੂਜੇ ਸਾਲ ਦਾ ਵਾਧਾ ਮਿਤੀ 31.1.2016 ਤੱਕ ਸਮੇਂ ਸਮੇਂ ਤੇ ਜਾਰੀ ਸ਼ਰਤਾਂ ਅਧੀਨ ਮੰਨਜ਼ੂਰ ਕੀਤਾ ਗਿਆ ਸੀ ਜਿਸ ਅਨੁਸਾਰ ਇਸ ਅਧਿਕਾਰੀ ਨੇ 60 ਸਾਲ ਦੀ ਉਮਰ ਪੂਰੀ ਤੇ ਮਿਤੀ 31.1.2016 (ਬਾਅਦ ਦੁਪਹਿਰ) ਨੂੰ ਸੇਵਾ ਨਵਿਰਤ ਹੋਣਾ ਸੀ ।

2. ਅਜਿਹੇ ਮਾਮਲਿਆਂ ਵਿੱਚ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸਾਖਾ) ਵੱਲੋਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਵਾਧਾ ਕਰਨ ਬਾਰੇ ਹਦਾਇਤਾਂ/ਸਪਸ਼ਟੀਕਰਨ ਮਿਤੀ 30 ਅਪ੍ਰੈਲ 2015 ਨੂੰ ਜਾਰੀ ਕੀਤੀਆਂ ਹਨ । ਇਨ੍ਹਾਂ ਹਦਾਇਤਾਂ ਦੇ ਪੈਰ੍ਹਾ-2 ਵਿੱਚ ਇਹ ਦਰਜ ਕੀਤਾ ਗਿਆ ਹੈ ਕਿ ਜਿੰਨ੍ਹਾਂ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ-8 ਅਧੀਨ ਵਿਭਾਗੀ ਕਾਰਵਾਈ ਤਹਿਤ ਚਾਰਜਸੀਟ ਜਾਰੀ ਕਰਨ ਸਬੰਧੀ ਫੈਸਲਾ ਲਿਆ ਜਾ ਚੁੱਕਾ ਹੋਵੇ ਜਾਂ ਚਾਰਜਸੀਟ ਜਾਰੀ ਕੀਤੀ ਜਾ ਚੁੱਕੀ ਹੋਵੇ ਜਾਂ ਵੱਡੀ ਸਜਾ ਦਿੱਤੀ ਗਈ ਹੋਵੇ ਜਾਂ ਸਮੱਰਥ ਅਦਾਲਤ ਵੱਲੋਂ ਦੋਸ ਲਗਾਏ ਜਾ ਚੁੱਕੇ ਹੋਣ, ਉਨ੍ਹਾਂ ਨੂੰ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 22/2/2012-3ਐਫ.ਪੀ.2/471 ਮਿਤੀ 8-10-2012 ਅਤੇ ਨੰ: 22/2/2012-3 ਐਫ.ਪੀ.2/471 ਮਿਤੀ 20.9.2013 ਅਧੀਨ ਸੇਵਾਕਾਲ ਵਿੱਚ ਵਾਧਾ ਦੇਣ ਲਈ ਵਿਚਾਰਿਆ ਨਹੀਂ ਜਾਵੇਗਾ ਅਤੇ ਅਜਿਹੇ ਅਧਿਕਾਰੀ/ਕਰਮਚਾਰੀ ਜੋ ਆਪਣੇ ਸੇਵਾਕਾਲ ਵਿੱਚ ਪਹਿਲੇ ਅਤੇ ਦੂਜੇ ਸਾਲ ਦੇ ਵਾਧੇ ਵਿੱਚ ਚੱਲ ਰਹੇ ਹਨ ਅਤੇ ਉਹਨਾਂ ਦੇ ਕੇਸਾਂ ਤੇ ਵੀ ਮੁੜ ਵਿਚਾਰ (ਰੀਵਿਊ) ਕੀਤਾ ਜਾਵੇ। ਜੇਕਰ ਮੁੜ ਵਿਚਾਰ (ਰਿਵਿਊ) ਉਪਰੰਤ ਸੇਵਾਕਾਲ ਵਿੱਚ ਪਹਿਲਾਂ ਦਿੱਤਾ ਗਿਆ ਵਾਧਾ ਉਚਿਤ ਨਹੀਂ ਸਮਝਿਆ ਜਾਂਦਾ ਹੈ ਤਾਂ ਪਹਿਲਾਂ ਦਿੱਤੇ ਵਾਧੇ ਨੂੰ ਸਮਾਪਤ ਕਰ ਦਿੱਤਾ ਜਾਵੇ। ਇਹ ਵਾਧਾ ਹਰ ਹਾਲਤ ਵਿੱਚ ਫੈਸਲਾ ਹੋਣ ਦੀ ਮਿਤੀ ਦੇ ਉਸੇ ਮਹੀਨੇ ਤੇ ਅੰਤ ਤੋਂ ਸਮਾਪਤ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

3. ਸ੍ਰੀ ਪ੍ਰੇਮ ਸਿੰਘ ਬੇਦੀ, ਉਪ ਮੰਡਲ ਅਫਸਰ ਨੂੰ ਸਰਕਾਰ ਦੇ ਪੱਤਰ ਨੰ: 19/29/2015-1ਸਿੰ:ਪ੍ਰੋ:1/516596 ਮਿਤੀ 24.6.2015 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ-1970 ਦੇ ਨਿਯਮ-8 ਅਧੀਨ ਚਾਰਜਸੀਟ ਜਾਰੀ ਕੀਤੀ ਗਈ ਹੈ । ਇਸ ਚਾਰਜਸੀਟ ਤੋਂ ਇਲਾਵਾ ਇਸ ਅਧਿਕਾਰੀ ਵਿਰੁੱਧ ਵਿਜੀਲੈਂਸ ਬਿਓਰੋ, ਪੰਜਾਬ ਵੱਲੋਂ ਨਹਿਰ ਵਿਭਾਗ ਦੀ ਮਲਕੀਅਤ ਬੱਗਾ ਰੈਸਟ ਹਾਊਸ ਦੀ 63 ਕਨਾਲ 7 ਮਰਲੇ ਜਮੀਨ ਨੂੰ ਮਾਲ ਵਿਭਾਗ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀ/ਕਰਮਚਾਰੀਆਂ ਨਾਲ ਮਿਲੀਭੁਗਤ ਕਰਕੇ ਹੜੱਪਣ ਸਬੰਧੀ **ਵਿਜੀਲੈਂਸ ਇੰਨਕੁਆਰੀ ਨੰ: 7 ਮਿਤੀ 7.5.2015-ਅੰਮ੍ਰਿਤਸਰ** ਦਰਜ ਕੀਤੀ ਗਈ ਹੈ ਜੋ ਪੜਤਾਲ ਅਧੀਨ ਹੈ।

4. ਸ੍ਰੀ ਪ੍ਰੇਮ ਸਿੰਘ ਬੇਦੀ ਉਪ ਮੰਡਲ ਅਫਸਰ ਨੂੰ ਵਿੱਤ ਵਿਭਾਗ ਦੀਆਂ ਮਿਤੀ 30.4.2015 ਨੂੰ ਜਾਰੀ ਕੀਤੀ ਹਦਾਇਤਾਂ ਦੀ ਰੋਸਨੀ ਵਿੱਚ ਕਮੇਟੀ ਵੱਲੋਂ ਮਿਤੀ 2.7.2015 ਨੂੰ ਹੋਈ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਿਆ ਗਿਆ ਅਤੇ ਕਮੇਟੀ ਨੇ ਇਸ ਅਧਿਕਾਰੀ ਨੂੰ ਦਿੱਤੇ ਗਏ ਵਾਧੇ ਨੂੰ ਵਾਪਸ ਲੈਣ ਦਾ ਫੈਸਲਾ ਲੈਂਦੇ ਹੋਏ ਮਿਤੀ 31.7.2015 (ਬਾਅਦ ਦੁਪਹਿਰ) ਤੋਂ ਸੇਵਾ ਨਵਿਰਤ ਕਰਨ ਦਾ ਫੈਸਲਾ ਲਿਆ ਗਿਆ ਹੈ।

5. ਇਸ ਲਈ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸਾਖਾ) ਵੱਲੋਂ ਮਿਤੀ 30 ਅਪ੍ਰੈਲ 2015 ਨੂੰ ਜਾਰੀ ਕੀਤੀਆਂ ਉਕਤ ਹਦਾਇਤਾਂ ਦੀ ਰੌਸ਼ਨੀ ਵਿੱਚ ਸ੍ਰੀ ਪ੍ਰੇਮ ਸਿੰਘ ਬੇਦੀ, ਉਪ ਮੰਡਲ ਅਫਸਰ ਨੂੰ ਮੁੱਖ

ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ ਵੱਲੋਂ ਪਿੱਠ ਅੰਕਣ ਨੰ: 817-24/10 ਈ.ਈ.2/2015 ਮਿਤੀ 6.2.2015 ਰਾਹੀਂ ਮਿਤੀ 1.2.2015 ਤੋਂ 31.1.2016 ਤੱਕ ਦੂਜੇ ਸਾਲ ਦੇ ਦਿੱਤੇ ਵਾਧੇ ਨੂੰ ਵਾਪਸ ਲੈਂਦੇ ਹੋਏ ਕਮੇਟੀ ਵੱਲੋਂ ਕੀਤੀਆਂ ਸਿਫਾਰਸ਼ਾਂ ਦੇ ਆਧਾਰ ਤੇ ਮਿਤੀ 31.7.2015 ਨੂੰ (ਬਾਅਦ ਦੁਪਹਿਰ) ਬਤੌਰ ਉਪ ਮੰਡਲ ਅਫਸਰ ਸੇਵਾ ਨਵਿਰਤ ਕੀਤਾ ਜਾਂਦਾ ਹੈ । ਇਨ੍ਹਾਂ ਹੁਕਮਾਂ ਦਾ ਉਸ ਵਿਰੁੱਧ ਚੱਲ ਰਹੀ ਵਿਭਾਗੀ ਅਨੁਸਾਸਨੀ ਕਾਰਵਾਈ, ਵਿਜੀਲੈਂਸ ਇੰਨਕੁਆਰੀ ਅਤੇ ਕੋਰਟ ਕੇਸ ਜੇਕਰ ਕੋਈ ਹੋਵੇ ਤੇ ਕੋਈ ਅਸਰ ਨਹੀਂ ਹੋਵੇਗਾ। ਇਨ੍ਹਾਂ ਕੇਸਾਂ/ਮਾਮਲਿਆਂ ਵਿੱਚ ਨਿਕਲਣ ਵਾਲੇ ਸਿਟਿਆਂ ਦੇ ਸਨਮੁੱਖ ਇਸ ਰਿਟਾਇਰਡ ਅਧਿਕਾਰੀ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ,ਚੰਡੀਗੜ੍ਹ:
8-7-2015

ਪਿੱਠ ਅੰਕਣ ਨੰ: 18/5/2015-1ਸਿੰ.ਪ੍ਰੋ.2/550593/4 ਮਿਤੀ,ਚੰਡੀਗੜ੍ਹ: 29/7/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਤੁਰੰਤ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਪਿੱਠ ਅੰਕਣ ਨੰ: 817-24/10 ਈ.ਈ.2/2015 ਮਿਤੀ 6.2.2015 ਦੇ ਹਵਾਲੇ ਵਿੱਚ ਸੂਚਨਾਂ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2) ਮੁੱਖ ਇੰਜੀਨੀਅਰ/ਰਣਜੀਤ ਸਾਗਰ ਡੈਮ, ਸਾਹਪੁਰਕੰਢੀ ਟਾਊਨਸ਼ਿਪ (ਪਠਾਨਕੋਟ)।
3) ਮਹਾਂਲੇਖਾਕਾਰ, ਪੰਜਾਬ,ਚੰਡੀਗੜ੍ਹ।
4) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
5) ਸੁਪਰਡੰਟ, ਸਿੰਚਾਈ ਪ੍ਰਸੋਨਲ-1 ਸਾਖਾ।
6) ਸ੍ਰੀ ਪ੍ਰੇਮ ਸਿੰਘ ਬੇਦੀ ਉਪ ਮੰਡਲ ਅਫਸਰ ਮਾਰਫਤ ਮੁੱਖ ਇੰਜੀਨੀਅਰ/ਰਣਜੀਤ ਸਾਗਰ ਡੈਮ, ਸਾਹਪੁਰਕੰਢੀ ਟਾਊਨਸ਼ਿਪ (ਪਠਾਨਕੋਟ)।

ਸੁਪਰਡੰਟ

<u>ਅੰਦਰੂਨੀ ਵੰਡ:</u>
2ਸਿੰ:ਪ੍ਰੋ:2